ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਵਿਸ਼ਾ:- ਪਲਾਨ ਸਕੀਮ ਪੀ.ਐਮ.-10 "ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2011-12 ਦੌਰਾਨ ਗੁਰੂ ਰਵਿਦਾਸ ਭਵਨ, ਮਲੋਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ ਮੰਤਰੀ ਮੰਡਲ ਤੋਂ ਕਾਰਜ ਬਾਅਦ ਪ੍ਰਵਾਨਗੀ ਲੈਣ ਬਾਰੇ।

---

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਸਾਲ 2011-12 ਦੌਰਾਨ ਗੁਰੂ ਰਵਿਦਾਸ ਭਵਨ, ਮਲੋਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ 15.00 ਲੱਖ ਰੁਪਏ ਦੀ ਰਾਸ਼ੀ ਪਲਾਨ ਸਕੀਮ ਪੀ.ਐਮ.-10 ''ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਵਿੱਤ ਵਿਭਾਗ ਵੱਲੋਂ ਆਪਣੇ ਅੰ:ਵਿ:ਪੱਤਰ ਨੰ: 3/45/09-1ਵਿਖ6/6018 ਮਿਤੀ 28/12/2011 ਰਾਹੀਂ ਦਿੱਤੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਗਈ ਸੀ।

3. ਇਸ ਦੀ ਪ੍ਰਵਾਨਗੀ ਮੰਤਰੀ ਮੰਡਲ ਤੋਂ ਪ੍ਰਾਪਤ ਕਰਨ ਸਬੰਧੀ ਮੈਮੋਰੰਡਮ ਦੀਆਂ 35-35 ਕਾਪੀਆਂ ਸਮੇਤ ਚੈਕ ਲਿਸਟ ਮੰਤਰੀ ਮੰਡਲ ਨੂੰ ਪੇਸ਼ ਕੀਤੇ ਜਾਣ ਲਈ ਭੇਜੀਆਂ ਜਾਂਦੀਆਂ ਹਨ।

4. ਇਸ ਮੈਮੋਰੰਡਮ ਨੂੰ ਮੰਤਰੀ ਮੰਡਲ ਵਿਚ ਪੇਸ਼ ਕਰਨ ਲਈ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਪ੍ਰਵਾਨਗੀ ਲੈ ਲਈ ਗਈ ਹੈ।

ਪ੍ਰਮੁੱਖ ਸਕੱਤਰ ਯੋਜਨਾ

ਮੁੱਖ ਸਕੱਤਰ, ਪੰਜਾਬ ਸਰਕਾਰ,
(ਮੰਤਰੀ ਮੰਡਲ ਮਾਮਲੇ ਸ਼ਾਖਾ),

ਗ:ਸ:ਪੱਤਰ ਨੰ: 10-ਪਸਪਬ-ਪ੍ਰੋ.ਅ.(ਸ.ਯੋ.)-2011-12/ 1276 ਮਿਤੀ: 27/4/12

## CHECK LIST FOR CABINENT MEMORANDA

| SN | Question | Answer(Yes/No/NA) | Remarks |
|---|---|---|---|
| A | **FINANCE AND PLANNING DEPARTMENT (RULE 7)** | | |
| 1 | Does the proposal contained in the Memorandum involve any financial implications? | Yes | |
| 2 | If so, has it been referred to the Department of Finance? | Yes | |
| 3 | Has the advice of the Department of Finance been reproduced verbatim in the Memorandum? | Yes | |
| 4 | Does the proposal contained in the Memorandum involve any financial implications on the Plan side? | Yes | |
| 5 | If so, has the advice of the Department of Planning been obtained? | Proposed by the Department of Planning | |
| 6 | Has the advice of the Department of Planning been reproduced in the Memorandum? | NA | |
| B | **LEGISLATION (LR)(RULE 36)** | | |
| 1 | Does the proposal contained in the Memorandum involve initiation of any legislation? | NA | |
| 2 | If so, has the 4 prior advices of the Department of Legal and Legislative Affairs been obtained? | NA | |
| 3 | Has the advice of the Department of Legal and Legislative Affairs been reproduced in the Memorandum? | NA | |
| C | **SERVICES RULES** | | |
| 1 | Does the proposal contained in the Memorandum involve framing/ amendment of Departmental Service Rules?(Para 3(1)-Department of Personnel instructions No. 6780-SSII(2)-73, dated 5/11/1973) | NA | |
| 2 | **DOP** – If so, has the matter been referred to the Department of Personnel Administrative Reforms? | NA | |
| 3 | Has the advice of the Department of Personnel Administrative Reforms been reproduced in the Memorandum | NA | |
| 4 | **FD** - has the matter been referred to the Department of Finance? | NA | |
| 5 | Has the advice of the Department of Finance been reproduced in the Memorandum? | NA | |
| 6 | **PPSC** - has the matter been referred to the Punjab Public Service Commission? | NA | |
| 7 | Has the advice of the Punjab Public Service Commission been reproduced in the Memorandum? | NA | |
| 8 | **LR** –Has the draft of service rules been vetted by the Department of Legal and Legislative Affairs? (Para 3(3) of 1973 instructions) | NA | |

| | | | |
|---|---|---|---|
| **D** | **OTHER DEPARTMENTS** | | |
| 1 | Does the proposal contained in the Memorandum concern any other Department? (Rule 15 & 22) | NA | |
| 2 | If so, name of the Department concerned? | NA | |
| 3 | Have the views of the Department mentioned in Para 2 above been reproduced in the Memorandum | NA | |
| **E** | **MEMORANDUM FORMAT** | | |
| 1 | Have the paragraphs of the Memorandum been numbered? | Yes | |
| 2 | Have copies of the Memorandum been numbered and marked as "SECRET"? | Yes | |
| 3 | Has the proposal contained in the Memorandum been summed up in Para 2 of the Memorandum? | Yes | |
| 4 | Has the approval of the Chief Minister been obtained for placing the Memorandum before the Council of Minister? | Yes | |
| **F** | **SUMBISSION OF MEMORANDUM** | | |
| 1 | Whether required 35 copies (in English and Punjabi) have been supplied? | Yes(only in Punjabi as per Government instructions) | |
| 2 | Is the quality of the print of the copies of the Memorandum satisfactory? | Yes | |
| 3 | Is the Memorandum being submitted to the Cabinet Affairs Branch atleast one week before the proposed CMM meeting? | - | |
| 4 | If not, what is the urgency for placing the matter before the CMM? | To seek the approval of CMM | |
| 5 | Has the permission of the Chief Minister been obtained for circulating the Memorandum during the Cabinet meeting? (Rule 16(3) | Yes | |

Principal Secretary
✓ Department of Planning

| | |
|---|---|
| For use the Cabinet Affair Branch | |
| Checked by – | |
| Under Secretary | Special Secretary/Secretary |

(ਸਲਾਨਾ)

ਮੰਤਰੀ ਮੰਡਲ ਦੀ ਮੀਟਿੰਗ ਲਈ ਏਜੰਡਾ ਆਈਟਮ ਨੰ: ..........

ਮੰਤਰੀ ਮੰਡਲ ਦੀ ਮਟਿੰਗ ਦੀ ਮਿਤੀ ...........................

ਗੁਪਤ
ਕਾਪੀ ਨੰ: ..............

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਮੰਤਰੀ ਮੰਡਲ ਦੀ ਮੀਟਿੰਗ ਲਈ ਮੈਮੋਰੰਡਮ

ਮੰਤਰੀ ਇੰਚਾਰਜ — ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ

ਸਕੱਤਰ ਇੰਚਾਰਜ — ਪ੍ਰਮੁੱਖ ਸਕੱਤਰ ਯੋਜਨਾ

ਵਿਸ਼ਾ:- ਪਲਾਨ ਸਕੀਮ ਪੀ.ਐਮ.-10 "ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2011-12 ਦੌਰਾਨ ਗੁਰੂ ਰਵਿਦਾਸ ਭਵਨ, ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ ਮੰਤਰੀ ਮੰਡਲ ਤੋਂ ਕਾਰਜ ਬਾਅਦ ਪ੍ਰਵਾਨਗੀ ਲੈਣ ਬਾਰੇ।

........

1. ਗੁਰੂ ਰਵਿਦਾਸ ਭਵਨ, ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ ਡਿਪਟੀ ਕਮਿਸ਼ਨਰ-ਕਮ ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ, ਸ੍ਰੀ ਮੁਕਤਸਰ ਸਾਹਿਬ ਵਲੋਂ 15.00 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦੀ ਪ੍ਰਵਾਨਗੀ ਸਬੰਧੀ ਬੇਨਤੀ ਕੀਤੀ ਗਈ ਸੀ ਕਿਉਂਕਿ ਰਵਿਦਾਸ ਨਗਰ ਵਿੱਚ ਰਵਿਦਾਸ ਭਵਨ ਗਰੀਬ ਲੋਕਾਂ ਦੀ ਸਹੂਲਤ ਲਈ ਵਿਆਹ ਸ਼ਾਦੀਆਂ ਅਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ।

2. ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਸਾਲ 2011-12 ਦੌਰਾਨ ਗੁਰੂ ਰਵਿਦਾਸ ਭਵਨ, ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ 15.00 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

3. ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਅਨੁਸਾਰ ਸਾਲ 2011-12 ਦੌਰਾਨ 15.00 ਲੱਖ ਰੁਪਏ ਦੀ ਰਾਸ਼ੀ ਪਲਾਨ ਸਕੀਮ ਪੀ.ਐਮ.-10 "ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਜਾਰੀ ਕਰਨ ਲਈ ਵਿੱਤ ਵਿਭਾਗ ਨੂੰ ਪਹੁੰਚ ਕੀਤੀ ਗਈ ਸੀ। ਵਿੱਤ ਵਿਭਾਗ ਵੱਲੋਂ ਆਪਣੇ ਅੰ:ਵਿ:ਪੱਤਰ ਨੰ: 3/45/09-1ਵਿਖ6/6018 ਮਿਤੀ 28/12/2011(ਅਨੁਲੱਗ 'ੳ') ਰਾਹੀਂ ਇਸ ਰਾਸ਼ੀ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ ਪ੍ਰਬੰਧਕੀ ਵਿਭਾਗ ਇਸ ਰਾਸ਼ੀ ਦਾ ਉਪਬੰਧ ਸਾਲ 2011-12 ਦੇ ਸੋਧੇ ਅਨੁਮਾਨਾਂ ਵਿੱਚ ਕਰਵਾਉਣਾ ਯਕੀਨੀ ਬਣਾਏਗਾ। ਵਿੱਤ ਵਿਭਾਗ ਦੀ ਪ੍ਰਵਾਨਗੀ ਉਪਰੰਤ ਯੋਜਨਾਬੰਦੀ ਵਿਭਾਗ ਵਲੋਂ ਮਿਤੀ 19/3/2012 ਨੂੰ ਭੇਜੀ ਸੈਕਸ਼ਨ (ਅਨੁਲੱਗ 'ਅ') ਅਨੁਸਾਰ ਇਹ ਰਾਸ਼ੀ ਜ਼ਿਲ੍ਹਾ ਯੋਜਨਾ ਕਮੇਟੀ, ਸ੍ਰੀ ਮੁਕਤਸਰ ਸਾਹਿਬ ਨੂੰ ਜਾਰੀ ਕਰ ਦਿੱਤੀ ਗਈ ਹੈ। ਇਸ ਰਾਸ਼ੀ ਦਾ ਉਪਬੰਧ ਸਾਲਾਨਾ ਯੋਜਨਾ 2011-12 ਦੇ ਸੋਧੇ ਅਨੁਮਾਨਾਂ ਦੌਰਾਨ ਪਲਾਨ ਸਕੀਮ ਪੀ.ਐਮ.-10 "ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਕਰ ਦਿੱਤਾ ਗਿਆ ਹੈ।

4. ਪੰਜਾਬ ਨਿਰਮਾਣ ਪ੍ਰੋਗਰਾਮ ਦੀਆਂ ਅਗਵਾਹੀ ਲੀਹਾਂ (ਅਨੁਲੱਗ 'ਏ') ਅਨੁਸਾਰ ਕਿਸੇ ਵੀ ਗੈਰ ਸਰਕਾਰੀ/ਧਾਰਮਿਕ ਸੰਸਥਾ ਨੂੰ ਰਾਸ਼ੀ ਜਾਰੀ ਨਹੀ ਕੀਤੀ ਜਾ ਸਕਦੀ ਅਤੇ ਕੰਮ ਸਿਰਫ ਸਰਕਾਰੀ ਕਾਰਜਕਾਰੀ ਏਜੰਸੀ ਦੁਆਰਾ ਹੀ ਕਰਵਾਇਆ ਜਾਣਾ ਹੁੰਦਾ ਹੈ ਕਿਉਂਕਿ ਗੁਰੂ ਰਵਿਦਾਸ ਮੰਦਰ ਧਰਮਸਾਲਾ ਪ੍ਰਬੰਧਕੀ ਕਮੇਟੀ ਮਲੋਟ ਇਕ ਪ੍ਰਾਈਵੇਟ ਸੰਸਥਾ ਹੈ। ਇਸ ਲਈ ਗੁਰੂ ਰਵਿਦਾਸ ਭਵਨ, ਮਲੋਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ ਜ਼ਿਲ੍ਹਾ ਯੋਜਨਾ ਕਮੇਟੀ, ਸ੍ਰੀ ਮੁਕਤਸਰ ਸਾਹਿਬ ਨੂੰ ਰਾਸ਼ੀ ਜਾਰੀ ਕਰਨ ਸਬੰਧੀ ਵਿਸ਼ੇਸ ਕੇਸ ਵਜੋਂ ਮੰਤਰੀ ਮੰਡਲ ਤੋਂ ਕਾਰਜਬਾਦ ਪ੍ਰਵਾਨਗੀ ਲਈ ਜਾਣੀ ਬਣਦੀ ਹੈ।

5. ਮੈਮੋਰੰਡਮ ਦੇ ਪੈਰ੍ਹਾ ਨੰ: 4 ਵਿਚ ਦਰਜ ਤਜਵੀਜ਼ ਤੇ ਮੰਤਰੀ ਮੰਡਲ ਦੀ ਪ੍ਰਵਾਨਗੀ ਲਈ ਬੇਨਤੀ ਕੀਤੀ ਜਾਂਦੀ ਹੈ।

6. ਇਸ ਮੈਮੋਰੰਡਮ ਵਿਚ ਸ਼ਾਮਿਲ ਤਜਵੀਜ਼ ਨੂੰ ਯੋਜਨਾ ਅਤੇ ਵਿੱਤ ਮੰਤਰੀ ਜੀ ਵੱਲੋਂ ਯੋਜਨਾ ਵਿਭਾਗ ਦੇ ਮੰਤਰੀ ਇੰਚਾਰਜ ਵਜੋਂ ਵੇਖਿਆ ਅਤੇ ਪ੍ਰਵਾਨ ਕੀਤਾ ਜਾ ਚੁੱਕਾ ਹੈ ।

7. ਇਸ ਮੈਮੋਰੰਡਮ ਨੂੰ ਮੰਤਰੀ ਮੰਡਲ ਦੇ ਸਨਮੁੱਖ ਰੱਖਣ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਦੀ ਆਗਿਆ ਪ੍ਰਾਪਤ ਕੀਤੀ ਜਾ ਚੁੱਕੀ ਹੈ ।

ਸਤੀਸ਼ ਚੰਦਰਾ

ਮਿਤੀ: ਚੰਡੀਗੜ੍ਹ
27-4-2012

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ

(ਅਨੁਲੱਗ 6)

ਪੰਜਾਬ ਸਰਕਾਰ
ਵਿੱਤ ਵਿਭਾਗ
( ਵਿੱਤ ਖਰਚਾ-6-ਸ਼ਾਖਾ )

ਵਿੱਤ ਵਿਭਾਗ, ਪ੍ਰਬੰਧਕੀ ਵਿਭਾਗ ਦੀ ਤਜਵੀਜ ਅਨੁਸਾਰ ਰਵੀਦਾਸ ਭਵਨ, ਮਲੋਟ ਵਿਖੇ ਸੈਡ ਆਦਿ ਦੀ ਉਸਾਰੀ ਲਈ ਪਲਾਨ ਸਕੀਮ "ਪੀ.ਐਮ.10-ਸਟੇਟ ਲੈਵਲ ਇੰਸੀਏਟਿਵਜ (ਪੰਜਾਬ ਨਿਰਮਾਣ ਪ੍ਰੋਗਰਾਮ) " ਅਧੀਨ ਵਿੱਤੀ ਸਾਲ 2011-12 ਦੌਰਾਨ 15.00 ਲੱਖ ਰੁਪਏ ਦੀ ਰਾਸੀ ਮੰਗ ਨੰ: 19 ਦੀ ਓਵਰਆਲ ਬਜਟ ਪ੍ਰੋਵੀਜਨ ਵਿਚੋ ਰਲੀਜ ਕਰਨ ਹਿੱਤ ਸਹਿਮਤੀ ਇਸ ਸਰਤ ਤੇ ਪ੍ਰਗਟ ਕਰਦਾ ਹੈ ਕਿ ਪ੍ਰਬੰਧਕੀ ਵਿਭਾਗ ਇਸ ਰਾਸੀ ਦਾ ਸਾਲ 2011-12 ਦੇ ਸੋਧੇ ਅਨੁਮਾਨਾਂ ਵਿੱਚ ਉਪਬੰਧ ਕਰਾਉਣਾ ਯਕੀਨੀ ਬਣਾਏਗਾ।

2 ਇਹ ਖਰਚਾ ਮੰਗ ਨੰ:19-ਯੋਜਨਾਬੰਦੀ ਦੀ ਮੁੱਖ ਮੱਦ "5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ-112-ਅੰਕੜੇ-50-ਅਦਰ ਚਾਰਜਿਜ " ਅਧੀਨ ਸਾਲ 2011-12 ਲਈ ਪ੍ਰਵਾਨਤ ਬਜਟ ਉਪਬੰਧ ਵਿਚੋ ਕੀਤਾ ਜਾਵੇਗਾ।

ਸੰਯੁਕਤ ਸਕੱਤਰ ਵਿੱਤ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਯੋਜਨਾਬੰਦੀ ਵਿਭਾਗ।

ਅ.ਵਿ.ਪੱ.ਨੰ:3/45/09-1ਵਿਖ6/ 6018 ਮਿਤੀ: 28-12-11

ਪਿ.ਅੰ.ਨੰ: 3/45/09-1ਵਿਖ6/ ਮਿਤੀ

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ,ਖਜਾਨਾ ਤੇ ਲੇਖਾ,ਪੰਜਾਬ।
2. ਬਜਟ ਅਫਸਰ, ਵਿੱਤ ਵਿਭਾਗ।
3. ਇੰਚਾਰਜ, ਟੀ.ਸੀ.ਐਸ., ਪੰਜਾਬ ਸਿਵਲ ਸਕੱਤਰੇਤ।

ਸੁਪਰਡੰਟ

ਸੇਵਾ ਵਿਖੇ

ਡਿਪਟੀ ਕਮਿਸ਼ਨਰ-ਕਮ ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀ,
ਸ੍ਰੀ ਮੁਕਤਸਰ ਸਾਹਿਬ।

ਮੀਮੋ ਨੰ: 10-ਪਸਪਬ-ਯੋ.ਅ.(ਸ.ਯੋ)-2011-12/ 729
ਮਿਤੀ: ਚੰਡੀਗੜ੍ਹ 19/3/12

ਵਿਸ਼ਾ:- **ਪਲਾਨ ਸਕੀਮ ਪੀ.ਐਮ 10 ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2011-12 ਦੌਰਾਨ ਰਾਸ਼ੀ ਜਾਰੀ ਕਰਨ ਬਾਰੇ।**

***

ਰਾਜਪਾਲ, ਪੰਜਾਬ ਜੀ ਪਲਾਨ ਸਕੀਮ ਪੀ.ਐਮ 10 ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ) ਅਧੀਨ ਸਾਲ 2011-12 ਦੌਰਾਨ 15.00 ਲੱਖ ਰੁਪਏ (ਕੇਵਲ ਪੰਦਰਾ ਲੱਖ ਰੁਪਏ) ਦੀ ਰਾਸ਼ੀ ਗੁਰੂ ਰਵਿਦਾਸ ਭਵਨ, ਮਲੋਟ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਲ ਸ਼ੈਡ ਅਤੇ ਕਮਰੇ ਆਦਿ ਦੀ ਉਸਾਰੀ ਲਈ ਜਾਰੀ ਕਰਨ ਅਤੇ ਇਨ੍ਹਾਂ ਕੰਮਾਂ ਤੇ 100 ਪ੍ਰਤੀਸ਼ਤ ਖਰਚਾ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ।

2. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ.3/45/09-1ਵਿਖ6/6018 ਮਿਤੀ 28/12/2011ਅਤੇ ਰਾਜ ਸਰਕਾਰ ਵੱਲੋਂ ਜਾਰੀ ਪੰਜਾਬ ਨਿਰਮਾਣ ਪ੍ਰੋਗਰਾਮ ਦੀਆਂ ਗਾਇਡਲਾਇਨਜ/ਹਦਾਇਤਾਂ ਅਨੁਸਾਰ ਹੇਠ ਦਰਸਾਈਆਂ ਸ਼ਰਤਾਂ ਮੁਤਾਬਿਕ ਖ਼ਰਚ ਕੀਤੀ ਜਾਵੇਗੀ:-

(ੳ) ਇਹ ਖਰਚਾ ਰਾਜ ਸਰਕਾਰ ਵੱਲੋਂ ਪ੍ਰਵਾਨਤ ਕੰਮਾਂ/ਸਕੀਮਾਂ ਅਧੀਨ ਕੀਤਾ ਜਾਵੇਗਾ।

ਅ) ਇਹ ਕੰਮ ਕਿਸੇ ਸਰਕਾਰੀ ਸੰਸਥਾ ਜਿਵੇਂ ਕਿ ਪੀ.ਡਬਲਯੂ.ਡੀ., ਮਿਊਂਸਪਲ ਕਾਰਪੋਰੇਸ਼ਨ ਆਦਿ ਦੀ ਮਾਰਫਤ ਹੀ ਕਰਵਾਇਆ ਜਾਵੇ ਤਾਂ ਜੋ ਰਿਕਾਰਡ ਨੂੰ ਮੇਨਟੇਨ ਕਰਨ ਅਤੇ ਰਚੇ ਹੋਏ, ਬੁਨਿਆਦੀ ਢਾਂਚੇ ਦੇ ਰੱਖ ਰਖਾਅ ਵਿੱਚ ਕੋਈ ਮੁਸ਼ਕਿਲ ਨਾ ਆਵੇ। ਕੰਮ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਕਰਵਾਏ ਜਾਣਗੇ।

(ੲ) ਸਬੰਧਤ ਡਿਪਟੀ ਕਮਿਸ਼ਨਰ ਇਹ ਯਕੀਨੀ ਬਣਾਉਣਗੇ ਕਿ ਕਾਰਜਕਾਰੀ ਏਜੰਸੀ ਨੂੰ ਫੰਡਜ਼ ਜਾਰੀ ਕਰਨ ਤੋਂ ਪਹਿਲਾਂ ਵੱਖ-ਵੱਖ ਕਾਰਜਾਂ ਸਬੰਧੀ ਲਾਗਤ ਅਨੁਮਾਨ ਅੰਤਿਮ ਕਰ ਲਏ ਗਏ ਹਨ ਅਤੇ ਸਮਰੱਥ ਅਥਾਰਟੀ ਵੱਲੋਂ ਪ੍ਰਵਾਨ ਕੀਤੇ ਗਏ ਹਨ।

19/3/12

(ਸ) ਸਬੰਧਤ ਡਿਪਟੀ ਕਮਿਸ਼ਨਰ ਬਤੌਰ ਜ਼ਿਲ੍ਹਾ ਯੋਜਨਾ ਕਮੇਟੀ ਦੇ ਸਕੱਤਰ ਹੋਣ ਵੱਜੋਂ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਅਤੇ ਇੰਨਾ ਦੇ ਵਰਤੋਂ ਸਰਟੀਫਿਕੇਟ ਯੋਜਨਾਬੰਦੀ ਵਿਭਾਗ ਨੂੰ ਸਮੇਂ ਸਿਰ ਭੇਜਣ ਲਈ ਜ਼ਿੰਮੇਵਾਰ ਹੋਣਗੇ।

(ਹ) ਕੀਤੇ ਜਾਣ ਵਾਲੇ ਕੰਮਾਂ ਦੀ ਮਹੀਨਾਵਾਰ ਪ੍ਰਗਤੀ ਰਿਪੋਰਟ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਯੋਜਨਾਬੰਦੀ ਵਿਭਾਗ ਨੂੰ ਹਰ ਮਹੀਨੇ ਦੀ 10 ਤਾਰੀਖ ਤੱਕ ਭੇਜੀ ਜਾਵੇਗੀ।

(ਕ) ਕੀਤੇ ਜਾਣ ਵਾਲੇ ਕਾਰਜਾਂ ਨੂੰ ਰਲੀਜ਼ ਕੀਤੀ ਗਈ ਰਾਸ਼ੀ ਨਾਲ ਹੀ ਮੁਕੰਮਲ ਕੀਤਾ ਜਾਵੇਗਾ ਕਿਉਂਕਿ ਇਨ੍ਹਾਂ ਕਾਰਜਾਂ ਲਈ ਕੋਈ ਵਾਧੂ ਫੰਡਜ਼ ਮੁਹੱਈਆ ਨਹੀਂ ਕੀਤੇ ਜਾਣਗੇ।

(ਖ) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿੱਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇਗੀ।

(ਗ) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

(ਘ) ਸਬੰਧਤ ਵਿਭਾਗੀ ਕਾਰਜਕਾਰੀਆਂ ਏਜੰਸੀਆਂ ਤੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਯੋਜਨਾਬੰਦੀ ਵਿਭਾਗ ਨੂੰ ਭੇਜੇ ਜਾਣਗੇ।

(ਙ) ਇਹ ਰਾਸ਼ੀ ਲੋੜ ਅਨੁਸਾਰ ਖਜ਼ਾਨੇ ਵਿਚੋਂ ਕਢਵਾਈ ਜਾਵੇਗੀ ।

3. ਇਹ ਖਰਚਾ ਸਾਲ 2011-12 ਦੌਰਾਨ ਮੁੱਖ ਮੱਦ ''5475- ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ 112-ਅੰਕੜੇ ਅਤੇ 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ-50-ਅਦਰ ਚਾਰਜਿਜ'' ਤਹਿਤ ਪਲਾਨ ਸਕੀਮ ਪੀ.ਐਮ 10 ''ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ),'' ਅਧੀਨ ਕੀਤਾ ਜਾਵੇਗਾ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਖੋ.ਅ.(ਸ.ਯੋ.)-2011-12/730-33 ਮਿਤੀ: 19/3/12

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਚੇਅਰਪਰਸਨ, ਜ਼ਿਲ੍ਹਾ ਯੋਜਨਾ ਕਮੇਟੀ, ਅੰਮ੍ਰਿਤਸਰ।
2. ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ।
3. ਸਪੈਸ਼ਲ ਪ੍ਰਿੰਸੀਪਲ ਸਕੱਤਰ/ਮੁੱਖ ਮੰਤਰੀ ਪੰਜਾਬ।
4. ਨਿੱਜੀ ਸਕੱਤਰ/ਵਿੱਤ ਮੰਤਰੀ ਪੰਜਾਬ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਖੋ.ਅ.(ਸ.ਯ)-2011-12/734-42 ਮਿਤੀ: 19/3/12

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਮੁੱਖ ਸਕੱਤਰ ਵਿੱਤ, ਪੰਜਾਬ।
2. ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ।
3. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸ਼ਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ, ਸੈਕਟਰ 34, ਚੰਡੀਗੜ੍ਹ।
5. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
6. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
7. ਉਪ ਅਰਥ ਤੇ ਅੰਕੜਾ ਸਲਾਹਕਾਰ ਸ੍ਰੀ ਮੁਕਤਸਰ ਸਾਹਿਬ।
8. ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ।
9. ਜ਼ਿਲ੍ਹਾ ਖਜ਼ਾਨਾ ਅਫਸਰ, ਸ੍ਰੀ ਮੁਕਤਸਰ ਸਾਹਿਬ।

ਡਾਇਰੈਕਟਰ ਯੋਜਨਾ